# ਕੈਨੇਡਾ ਦਰਪਣ

ਅਗਸਤ 1-15, 1984

**August 1-15, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Aug. 1-15, 1984

Second Class Mail - Reg. No. 5991 ਕੀਮਤ 30¢

Out of Greater Vancouver
Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 29 Aug. 1-15, 1984
Editor's Res. PHONE. (604)321-6360

THE CANADA DARPAN
Punjabi Fortnightly Newspaper

# ਜੰਮੂ-ਕਸ਼ਮੀਰ ਅਸੈਂਬਲੀ ਵਿਚ ਕੁਟਾਪਾ —ਸਪੀਕਰ ਕੁਰਸੀ ਤੋਂ ਧੂਹ ਲਿਆ

ਸ੍ਰੀਨਗਰ — ਮੰਗਲਵਾਰ ਨੂੰ ਬੁਲਾਏ ਗਏ ਵਿਧਾਨ ਸਭਾ ਦੇ ਸਮਾਗਮ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਫਾਰੂਕ ਅਬਦੁੱਲਾ ਦੇ ਹਾਮੀ ਸਪੀਕਾਰ ਨੂੰ ਕਾਂਗਰਸੀ(ਆਈ) ਅਤੇ ਨੈਸ਼ਨਲ ਕਾਨਫਰੰਸ ਤੋਂ ਬਾਗੀ ਮੈਂਬਰਾਂ ਨੇ ਉਸਦੀ ਕੁਰਸੀ ਤੋਂ ਹੇਠਾਂ ਧੂਹ ਲਿਆ।

31 ਜੁਲਾਈ ਨੂੰ ਇਹ ਸਮਾਗਮ ਇਸ ਲਈ ਬੁਲਾਇਆ ਗਿਆ ਸੀ ਤਾਂ ਕਿ ਗੁਲਾਮ ਮੁਹੰਮਦ ਸ਼ਾਹ ਦੀ ਸਰਕਾਰ ਆਪਣੀ ਬਹੁ ਗਿਣਤੀ ਦਾ ਵਿਧਾਨ ਸਭਾ ਵਿਚ ਵਿਖਾਵਾ ਕਰ ਸਕੇ।

ਇਸ ਹੰਗਾਮੇ ਸਮੇਂ ਫਾਰੂਕ ਅਬਦੁੱਲਾ ਅਤੇ ਜੀ. ਐਮ. ਸ਼ਾਹ ਦੋਵੇਂ ਹਾਜ਼ਰ ਨਹੀਂ ਸਨ ਕਿਉਂਕਿ ਉਹ ਦੋਵੇਂ ਵਿਧਾਨ ਪ੍ਰੀਸ਼ਦ ਦੇ ਮੈਂਬਰ ਹਨ।

## ਵਿਸ਼ਵਾਸ਼ ਦਾ ਮਤਾ ਪਾਸ

ਇਸ ਰੌਲੇ ਗੌਲੇ ਸਮੇਂ ਜੀ. ਐਮ. ਸ਼ਾਹ ਦੀ ਸਰਕਾਰ ਵਿਚ ਵਿਸ਼ਵਾਸ਼ ਦਾ ਮਤਾ ਪਾਸ ਕਰ ਦਿਤਾ ਗਿਆ।

## ਮੈਂਬਰਾਂ ਨੂੰ ਕੁਟਾਪਾ

ਜੰਮੂ ਕਸ਼ਮੀਰ ਦੀ ਵਿਧਾਨ ਸਭਾ ਵਿਚ ਸਰਕਾਰ-ਪੱਖੀ ਅਤੇ ਫਾਰੂਕ ਅਬਦੁੱਲਾ ਦੀ ਨੈਸ਼ਨਲ ਕਾਨਫਰੰਸ ਪੱਖੀ ਮੈਂਬਰਾਂ ਨੇ ਇਕ ਦੂਜੇ ਨੂੰ ਚੰਗਾ ਕੁਟਾਪਾ ਚਾੜ੍ਹਿਆ ਅਤੇ ਵਿਧਾਨ ਸਭਾ ਬੀ. ਬੀ. ਸੀ. ਅਨੁਸਾਰ 'ਮੱਛੀ ਮੰਡੀ' ਨਜ਼ਰ ਆ ਰਹੀ ਸੀ।

ਯਾਦ ਰਹੇ ਕਿ ਇੰਦਰਾ ਕਾਂਗਰਸ ਵਲੋਂ ਕੀਤੇ ਗਏ ਯਤਨਾਂ ਕਾਰਨ ਫਾਰੂਕ ਅਬਦੁੱਲਾ ਦੀ ਬਹੁ-ਗਿਣਤੀ ਘਟਾ ਕੇ 13 ਮੈਂਬਰ ਦਲ ਬਦਲੂ ਬਣਾ ਕੇ ਜੀ. ਐਮ. ਸ਼ਾਹ ਦੀ ਸਰਕਾਰ ਜ਼ਬਰਦਸਤੀ ਲੋਕਾਂ ਉਤੇ ਠੋਸ ਦਿਤੀ ਗਈ ਹੈ।

## ਰਾਜਸੀ ਮਾਹਿਰਾਂ ਦਾ ਵਿਚਾਰ

ਰਾਜਸੀ ਮਾਹਿਰਾਂ ਦਾ ਵਿਚਾਰ ਹੈ ਕਿ ਬੇਸ਼ਕ ਜੀ. ਐਮ. ਸ਼ਾਹ ਦੀ ਸਰਕਾਰ ਨੇ ਵਿਧਾਨ ਸਭਾ ਵਿਚ ਆਪਣਾ ਬਹੁਮੱਤ ਦਿਖਾ ਦਿਤਾ ਹੈ ਫਿਰ ਵੀ ਇਹ ਸਰਕਾਰ ਬਹੁਤਾ ਚਿਰ ਚੱਲ ਨਹੀਂ ਸਕੇਗੀ। ਭਾਰਤ ਦੀਆਂ ਸਾਰੀਆਂ ਮੁੱਖ ਵਿਰੋਧੀ ਪਾਰਟੀਆਂ ਫਾਰੂਕ ਅਬਦੁੱਲਾ ਦੀ ਮੱਦਦ ਤੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਦਲ ਬਦਲੂਆਂ ਨੂੰ ਇੰਦਰਾ ਕਾਂਗਰਸ ਨੇ ਹੱਲਾ ਸ਼ੇਰੀ ਦਿਤੀ ਹੈ

## ਪਾਰਲੀਮੈਂਟ ਵਿਚ ਫਾਰੂਕ ਅਬਦੁੱਲਾ ਤੇ ਦੋਸ਼

ਪ੍ਰਧਾਨ ਮੰਤਰੀ ਨੇ ਪਾਰਲੀਮੈਂਟ ਵਿਚ ਆਪਣਾ ਇਹ ਦੋਸ਼ ਮੁੜ ਦੁਹਰਾਇਆ ਕਿ ਫਾਰੂਕ ਅਬਦੁੱਲਾ ਸਰਕਾਰ ਦੇਸ਼-ਵਿਰੋਧੀ ਤੱਤਾਂ ਨੂੰ ਹੱਲਾ ਸ਼ੇਰੀ ਦੇ ਰਹੀ ਸੀ ਅਤੇ ਅਜਿਹੇ ਤੱਤਾਂ ਨੂੰ ਫੜਨ ਵਿਚ ਨਾਕਾਮਯਾਬ ਰਹੀ।

## ਅਮਰਿੰਦਰ ਸਿੰਘ ਨਾਲ 400 ਵਿਅਕਤੀ ਗ੍ਰਿਫਤਾਰ

ਪਟਿਆਲਾ — ਸਾਬਕਾ ਕਾਂਗਰਸੀ ਪਾਰਲੀਮੈਂਟ ਮੈਂਬਰ ਤੇ ਮਹਾਰਾਜਾ ਪਟਿਆਲਾ ਦੇ ਸਪੁੱਤਰ ਸ. ਅਮਰਿੰਦਰ ਸਿੰਘ ਪਟਿਆਲਾ ਵਿਚ ਗ੍ਰਿਫਤਾਰ ਕਰ ਲਏ ਗਏ। ਉਹ 400 ਵਿਅਕਤੀਆਂ ਦੇ ਜਥੇ ਦੀ ਅਗਵਾਈ ਕਰ ਰਹੇ ਸਨ ਤਾਂ ਕਿ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ ਫੌਜ ਨੂੰ ਬਾਹਰ ਕੱਢਣ ਲਈ ਮਜਬੂਰ ਕੀਤਾ ਜਾ ਸਕੇ। ਅਤੇ 'ਕਾਰ ਸੇਵਾ' ਜੋ ਸਰਕਾਰੀ ਹੁਕਮਾਂ ਅਨੁਸਾਰ ਕਰਵਾਈ ਜਾ ਰਹੀ ਹੈ, ਉਸ ਦਾ ਵਿਰੋਧ ਕੀਤਾ ਜਾ ਸਕੇ।

## ਹੈਦਰਾਬਾਦ ਵਿਚ ਫਿਰਕੂ ਦੰਗਿਆਂ ਕਾਰਨ 5 ਵਿਅਕਤੀ ਹਲਾਕ

ਹੈਦਰਾਬਾਦ — ਹੈਦਰਾਬਾਦ ਵਿਚ ਕਰਫੀਊ ਦੇ ਬਾਵਜੂਦ ਹਿੰਦੂ-ਮੁਸਲਿਮ ਫਿਰਕੂ ਫਸਾਦਾਂ ਕਾਰਨ ਪੰਜ ਵਿਅਕਤੀ ਮਾਰੇ ਜਾਣ ਦੀ ਖਬਰ ਹੈ। ਇਹ ਘਟਨਾਵਾਂ ਉਸ ਸਮੇਂ ਵਾਪਰੀਆਂ ਜਦੋਂ ਕਰਫੀਊ ਵਿਚ ਦੋ ਘੰਟੇ ਦੀ ਖੁਲ੍ਹ ਦਿੱਤੀ ਗਈ ਅਤੇ ਫਿਰ ਫਿਰਕੂ ਫਸਾਦ ਭੜਕ ਪਏ।

ਪਿਛਲੇ ਅਠਾਰਾਂ ਮਹੀਨਿਆਂ ਵਿਚ ਚੌਥੀ ਵਾਰ ਹੈ ਕਿ ਆਂਧਰਾ ਪ੍ਰਦੇਸ਼ ਦੇ ਇਸ ਮੁੱਖ ਸ਼ਹਿਰ ਵਿਚ ਅਜਿਹੇ ਦੰਗੇ ਭੜਕੇ ਹਨ। ਹਿੰਦੂ ਕੱਟੜਤਾ ਨੂੰ ਇਸ ਸਥਿਤੀ ਲਈ ਮੁਸਲਮ ਆਗੂਆਂ ਵਲੋਂ ਦੋਸ਼ੀ ਠਹਿਰਾਇਆ ਜਾ ਰਿਹਾ ਹੈ।

ਅੰਦਰ ਪੜ੍ਹੋ —
ਦਿੱਲੀ ਅਤੇ ਅੰਮ੍ਰਿਤਸਰ ਦੀ ਲੜਾਈ

ਨਵੇਂ ਗ੍ਰਹਿ ਮੰਤਰੀ ਸ੍ਰੀ ਨਰਸਿਮਹਾ ਰਾਓ ਨੇ ਵੀ ਰਾਜ ਸਭਾ ਨੂੰ ਦਸਿਆ ਕਿ ਫਾਰੂਕ ਅਬਦੁੱਲਾ ਸਰਕਾਰ ਗ਼ੈਰ-ਸਮਾਜੀ ਅਨਸਰਾਂ ਨੂੰ ਨੱਥ ਪਾਉਣ ਵਿਚ ਨਾਅਹਿਲ ਸਾਬਤ ਹੋਈ।

ਪਰ ਵਿਰੋਧੀ ਲੀਡਰਾਂ ਨੇ ਕਿਹਾ ਕਿ ਫਾਰੂਕ ਅਬਦੁੱਲਾ ਦੀ ਸਰਕਾਰ ਨੂੰ ਡੇਗਣ ਦਾ ਕਾਰਨ ਇੰਦਰਾ ਕਾਂਗਰਸ ਵਲੋਂ ਵਿਰੋਧੀ ਸੂਬਾ ਸਰਕਾਰਾਂ ਨੂੰ ਖਤਮ ਕਰਨ ਦੇ ਯਤਨਾਂ ਦਾ ਇਕ ਹਿਸਾ ਹੈ।

## ਭੜਕਾਹਟ 'ਚ ਆਉਣ ਦੀ ਲੋੜ ਨਹੀਂ — ਲੌਂਗੋਵਾਲ

ਲੁਧਿਆਣਾ — ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਕਾਲੀ ਦਲ ਅਤੇ ਅਕਾਲੀ ਵਰਕਰਾਂ ਨੂੰ ਇਕ ਸੰਦੇਸ਼ ਰਾਹੀਂ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਏਕਤਾ ਕਾਇਮ ਰੱਖੀ ਜਾਵੇ ਅਤੇ ਸਰਕਾਰੀ ਕਾਰਵਾਈਆਂ ਨਾਲ ਭੜਕਾਹਟ ਵਿਚ ਆਉਣ ਦੀ ਲੋੜ ਨਹੀਂ ਹੈ।

ਸੰਤ ਲੌਂਗੋਵਾਲ ਦਾ ਇਹ ਸੰਦੇਸ਼ ਸੁਪਰੀਮ ਕੋਰਟ ਦੇ ਉਘੇ ਵਕੀਲ ਰਾਮ ਜੇਠ ਮਲਾਨੀ ਰਾਹੀਂ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਦੇ ਪ੍ਰਧਾਨ ਰਾਜਿੰਦਰ ਸਿੰਘ ਧਾਲੀਵਾਲ ਕੋਲ ਪੁਜਾ। ਸ੍ਰੀ ਜੇਠ ਮਲਾਨੀ ਰਾਜਸਥਾਨ ਦੀ ਜੇਲ ਵਿਚ ਸੰਤ ਲੌਂਗੋਵਾਲ ਨੂੰ ਮਿਲਕੇ ਆਏ ਸਨ। ਇਕ ਹੋਰ ਵਕੀਲ ਗਜਿੰਦਰ ਸਿੰਘ ਵੀ ਉਨ੍ਹਾਂ ਦੇ ਨਾਲ ਗਏ ਸਨ।

## ਬਾਬਾ ਸੰਤਾ ਸਿੰਘ ਨਾਲੋਂ ਸਬੰਧ ਤੋੜਿਆ

ਚੰਡੀਗੜ੍ਹ — ਜਥੇਦਾਰ ਤਰਲੋਕ ਸਿੰਘ ਬਾਗੜੀ ਪਿੰਡ ਨੜਿਆਲੀ ਅਤੇ ਬਾਬਾ ਸਰਮਖ ਸਿੰਘ ਦੀ ਅਗਵਾਈ ਵਿਚ 155 ਨਿਹੰਗ ਸਿੰਘਾਂ ਨੇ ਬਾਬਾ ਸੰਤਾ ਸਿੰਘ ਨਾਲੋਂ ਸਬੰਧ ਤੋੜ ਲਿਆ ਹੈ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਜਥੇਦਾਰ ਤਰਲੋਕ ਸਿੰਘ ਨੇ ਕਿਹਾ ਕਿ ਜਦੋਂ ਤੱਕ ਬਾਬਾ ਸੰਤਾ ਸਿੰਘ ਬੁੱਢਾ ਦਲ ਦੇ ਮੁਖੀ ਰਹਿਣਗੇ ਉਹ ਬੁੱਢਾਦਲ ਨਾਲ ਵੀ ਕੋਈ ਸਬੰਧ ਨਹੀਂ ਰੱਖਣਗੇ। ਇਨ੍ਹਾਂ ਬਾਬਾ ਸੰਤਾ ਸਿੰਘ ਵਲੋਂ ਪੰਜ ਸਿੰਘ ਸਹਿਬਾਨ ਦੇ ਹੁਕਮਨਾਮੇ ਦੀ ਉਲੰਘਣਾ ਕਰਨੀ ਦੀ ਸਖਤ ਨਿਖੇਧੀ ਕੀਤੀ ਇਲਾਕੇ ਦੇ ਨਿਹੰਗ ਸਿੰਘਾਂ ਦੀ ਪਿੰਡ ਸਨੇਟਾ ਵਿਖੇ ਇਕ ਮੀਟਿੰਗ ਵਿਚ ਇਹ ਫੈਸਲੇ ਹੋਏ।

## ਓਲਿੰਪਕ ਖੇਡਾਂ ਸਮੇਂ ਲਾਸ ਏਜੰਲਸ ਵਿਚ ਭਾਰਤ-ਵਿਰੋਧੀ ਨਾਅਰੇ

ਲਾਸ-ਏਜੰਲਸ— ਬੀ. ਬੀ. ਸੀ. ਦੀ ਖਬਰ ਅਨੁਸਾਰ ਓਲਿੰਪਕ ਖੇਡਾਂ ਦੇ ਸਮੇਂ 200 ਵਿਅਕਤੀਆਂ ਵਲੋਂ ਭਾਰਤ-ਵਿਰੋਧੀ ਨਾਅਰੇ ਲਾਏ ਗਏ। ਖਬਰ ਅਨੁਸਾਰ ਸਰਕਾਰੀ ਪ੍ਰਤੀਨਿਧ ਨੇ ਅਮਰੀਕਾ ਸਰਕਾਰ ਕੋਲ ਰੋਸ ਪ੍ਰਗਟ ਕੀਤਾ ਹੈ ਕਿ ਅਜਿਹੇ ਸਮੇਂ ਭਾਰਤ-ਵਿਰੋਧੀ ਪ੍ਰਚਾਰ ਕੀਤਾ ਗਿਆ।

PUBLIC AUTO AUCTION

Now One Giant Auction For All Your Needs!

100 Cars * Trucks * Vans * 4x4's * Motor Homes

You Name it — We've Got it

Consign Now

To Our Grand Opening Sale

Let us arrange to have your units picked up!

Consign 3 units — Pay for 2 entrees.



78 - 12 PASS.
Club Wagon



PHONE
430-1109

BURNABY AUTO AUCTION LTD.

The Home Of The Mechanically Inspected Autos

5605 Byrne Road

Phone 430-1109

ਕੈਨੇਡਾ ਦਰਪਣ

# ਤਲਵਿੰਦਰ ਸਿੰਘ ਨੂੰ ਅਮਰੀਕਾ ਜਾਣ ਤੇ ਬੰਦਸ਼

ਟਰਾਂਟੋ — ਇਕ ਖ਼ਬਰ ਅਨੁਸਾਰ ਜਥੇਦਾਰ ਤਲਵਿੰਦਰ ਸਿੰਘ ਪਰਮਾਰ ਨੂੰ ਟਰਾਂਟੋ ਏਅਰਪੋਰਟ ਤੇ ਏਅਰ ਕੈਨੇਡਾ ਦੇ ਜਹਾਜ਼ ਵਿਚੋਂ ਦੋ ਅਮਰੀਕਨ ਇਮੀਗਰੇਸ਼ਨ ਅਫਸਰਾਂ ਨੇ ਲਾਹ ਕੇ ਚਾਰ ਘੰਟੇ ਪੁਛ ਪੜਤਾਲ ਕੀਤੀ। ਖਬਰ ਅਨੁਸਾਰ ਪੁਲਸ ਦੇ ਚਾਰ ਅਫਸਰ ਉਨ੍ਹਾਂ ਦੁਆਲੇ ਰਹੇ ਜਦੋਂ ਉਨ੍ਹਾਂ ਦੀ ਪੁਛ ਪੜਤਾਲ ਕੀਤੀ ਜਾ ਰਹੀ ਸੀ। ਪਤਾ ਲੱਗਾ ਹੈ ਕਿ ਜਥੇਦਾਰ ਤਲਵਿੰਦਰ ਸਿੰਘ ਨਿਊਯਾਰਕ ਨੂੰ ਜਾ ਰਹੇ ਸਨ ਜਿਥੇ ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਸਿੱਖ ਸੰਸਥਾਵਾਂ ਦੇ ਆਗੂ ਇਕੱਤਰ ਹੋਏ ਸਨ। ਸੁਰਜਨ ਸਿੰਘ ਗਿੱਲ ਵੀ ਤਲਵਿੰਦਰ ਸਿੰਘ ਦੇ ਨਾਲ ਸਨ।

# ਲੋਕ ਸਦਭਾਵਨਾ ਮੰਚ
## (Forum For Communal Harmony)

### ਪਿਛੋਕੜ:

ਸਾਡੀ ਕਮਿਊਨਿਟੀ ਦੇ 80 ਸਾਲਾਂ ਦੇ ਕੈਨੇਡਾ ਵਿਚਲੇ ਇਤਿਹਾਸ ਵਿਚ ਪਹਿਲੀ ਵਾਰੀ ਸਾਨੂੰ ਬਹੁਤ ਸੰਜੀਦਾ ਅਤੇ ਦੁੱਖਦਾਇਕ ਸਥਿਤੀ ਦਾ ਸਾਹਮਣਾ ਹੈ ਜੋ ਸਾਡੇ ਲੋਕਾਂ ਵਿਚ ਸਦਭਾਵਨਾ ਅਤੇ ਏਕਤਾ ਨੂੰ ਭੰਗ ਕਰ ਸਕਦੀ ਹੈ।

ਇਨ੍ਹਾਂ 80 ਸਾਲਾਂ ਵਿਚ, ਧਾਰਮਿਕ ਅਤੇ ਬੋਲੀਆਂ ਦੇ ਵਿਖਰੇਵੇਂ ਦੇ ਬਾਵਜੂਦ ਅਸੀਂ ਇਕੱਠੇ ਰਹੇ ਹਾਂ ਅਤੇ ਬਰਤਾਨਵੀ ਬਸਤੀਵਾਦ ਦਾ ਮੁਕਾਬਲਾ ਕੀਤਾ ਹੈ। ਅਤੇ ਕੈਨੇਡਾ ਸਰਕਾਰ ਦੀ ਨਸਲਵਾਦੀ ਅਤੇ ਵਿਤਕਰੇ ਭਰੀਆਂ ਨੀਤੀਆਂ ਵਿਰੁੱਧ ਆਪਣੇ ਹੱਕਾਂ ਦੀ ਰਾਖੀ ਕੀਤੀ ਹੈ।

ਅੱਜ ਇਸ ਸਦਭਾਵਨਾ ਅਤੇ ਏਕਤਾ ਦੀ ਪੁਰਾਣੀ ਰਵਾਇਤ ਨੂੰ ਸਾਡੀ ਕਮਿਊਨਿਟੀ ਵਿਚ ਖਤਮ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਧਰਮ ਦੇ ਅਧਾਰ ਤੇ ਵੰਡਿਆ ਜਾ ਰਿਹਾ ਹੈ। ਨਫਰਤ ਅਤੇ ਹਿੰਸਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਨ੍ਹਾਂ ਗੰਭੀਰ ਖਤਰਿਆਂ ਦਾ ਸਾਡੇ ਲੋਕਾਂ ਨੂੰ ਸਾਹਮਣਾ ਹੈ ਅਤੇ ਇਸ ਲੋੜ ਨੂੰ ਮੁੱਖ ਰੱਖਦਿਆਂ ਕਮਿਊਨਿਟੀ ਦੇ ਮੈਂਬਰਾਂ ਨੇ — ਜੋ ਵਿਅਕਤੀਗਤ ਆਧਾਰ ਅਤੇ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿਧ ਵੀ ਹਨ ਇਕੱਠੇ ਹੋ ਕੇ ਲੋਕ ਸਦਭਾਵਨਾ ਮੰਚ (Forum for Comunal Harmony) ਦੀ ਸਥਾਪਨਾ ਕੀਤੀ ਹੈ।

ਪੰਜਾਬ ਦੇ ਹਾਲਾਤ ਨੇ ਸਾਰੀ ਕਮਿਊਨਿਟੀ ਦੇ ਅਹਿਸਾਸਾਂ ਨੂੰ ਡੂੰਘੀ ਸੱਟ ਮਾਰੀ ਹੈ। ਲੋਕਾਂ ਦਾ ਗੁੱਸਾ ਜਾਇਜ਼ ਹੈ। ਅਤੇ ਲੋਕਾਂ ਦਾ ਦੁੱਖ ਵੀ ਡੂੰਘਾ ਹੈ ਲੋਕ ਸਦਭਾਵਨਾ ਮੰਚ ਇਸ ਕਾਰਨ ਹੋਂਦ ਵਿਚ ਆਇਆ ਹੈ ਕਿ ਲੋਕਾਂ ਦੇ ਦੁੱਖ ਅਤੇ ਗੁੱਸੇ ਨੂੰ ਗਲਤ ਦਿਸ਼ਾ ਵਿਚ ਨਾ ਵਰਤਿਆ ਜਾਵੇ ਜਿਸ ਨਾਲ ਲੋਕਾਂ ਵਿਚ ਫੁੱਟ, ਦਵੈਤ, ਨਫਰਤ ਅਤੇ ਹਿੰਸਾ ਵਧੇ।

### ਉਦੇਸ਼:

ਲੋਕਾਂ ਵਿਚ ਫਿਰਕੂ ਸਦਭਾਵਨਾ ਕਾਇਮ ਰੱਖਣਾ ਅਤੇ ਉਸਦਾ ਪ੍ਰਚਾਰ ਕਰਨਾ ਅਤੇ ਕਮਿਊਨਿਟੀ ਵਿਚ ਹਿੰਦੂ ਸਿੱਖ ਏਕਤਾ ਬਰਕਰਾਰ ਰੱਖਣਾ।

### ਕੰਮ:

ਲਗਾਤਾਰ ਕਮਿਊਨਿਟੀ ਵਿਚ ਹਾਲਾਤ ਨੂੰ ਮੱਦੇ ਨਜ਼ਰ ਰੱਖਣਾ
— ਫਿਰਕੂ ਨਫਰਤ ਅਤੇ ਹਿੰਸਾ ਦਾ ਸ਼ਿਕਾਰ ਲੋਕਾਂ ਨੂੰ ਸਕੂਨ ਅਤੇ ਮੱਦਦ ਮੁਹੱਈਆ ਕਰਨਾ
— ਲੋਕਾਂ ਵਿਚ ਅਜਿਹੀਆਂ ਕਾਰਵਾਈਆਂ ਨੂੰ ਵਧਦਾ ਫੁਲਦਾ ਰੱਖਣਾ ਜਿਸ ਨਾਲ ਫਿਰਕੂ ਸਦਭਾਵਨਾ ਅਤੇ ਏਕਤਾ ਕਾਇਮ ਰਹੇ
— ਸੋਚ ਵਿਚਾਰ ਅਤੇ ਤਰਕ ਦੀ ਪੱਧਰ ਤੇ ਕਮਿਊਨਿਟੀ ਵਿਚ ਗੱਲਬਾਤ ਜਾਰੀ ਰੱਖਕੇ ਅਜਿਹੀਆਂ ਰੁਚੀਆਂ ਦਾ ਵਿਰੋਧ ਕਰਨਾ ਜਿੰਨ੍ਹਾਂ ਨਾਲ ਸਦਭਾਵਨਾ ਅਤੇ ਏਕਤਾ ਨੂੰ ਠੇਸ ਪਹੁੰਚਦੀ ਹੋਵੇ
— ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਚਾਰਾਂ ਦਾ ਬਿਨਾਂ ਕਿਸੇ ਡਰ ਤੋਂ ਖੁਲ੍ਹੇ ਪ੍ਰਗਟਾਵੇ ਨੂੰ ਪੱਕਿਆਂ ਕਰਨਾ।

# ਓਲਿੰਪਕ ਖੇਡਾਂ ਲੌਸ ਏਜੰਲਸ ਵਿਚ ਹੋ ਰਹੀਆਂ

ਲਾਸ ਏਜੰਲਸ ਵਿਚ ਹੋ ਰਹੀਆਂ ਖੇਡਾਂ ਵਿਚ ਅਮਰੀਕਾ ਨੇ ਸੋਨੇ ਦੇ 9 ਤਮਗੇ, ਕੈਨੇਡਾ ਨੇ ਤਿੰਨ, ਚੀਨ ਨੇ ਤਿੰਨ ਅਤੇ ਪੱਛਮੀ ਜਰਮਨੀ ਨੇ ਤਿੰਨ ਜਿੱਤੇ ਹਨ। ਪਹਿਲੇ ਤਿੰਨਾਂ ਦਿਨਾਂ ਵਿਚ ਸਾਈਕਲ, ਸ਼ੂਟਿੰਗ, ਤੈਰਾਕੀ ਅਤੇ ਭਾਰ ਚੁਕਣ ਦੇ ਮੁਕਾਬਲੇ ਹੋਏ ਹਨ।

## ਹਾਕੀ ਵਿਚ

ਹਾਕੀ ਵਿਚ ਭਾਰਤ ਨੇ ਪਹਿਲੇ ਮੈਚ ਵਿਚ ਹੀ ਅਮਰੀਕਾ ਨੂੰ ਪੰਜ ਇਕ ਦੇ ਮੁਕਾਬਲੇ ਨਾਲ ਹਰਾਇਆ। ਨੀਦਰਲੈਂਡ ਨੇ ਕੈਨੇਡਾ ਨੂੰ 4-1 ਦੇ ਮੁਕਾਬਲੇ ਤੇ ਹਰਾਇਆ। ਨਿਊਜ਼ੀਲੈਂਡ ਅਤੇ ਪਾਕਿਸਤਾਨ 3-3 ਨਾਲ ਬਰਾਬਰ ਰਹੇ ਜਦ ਕਿ ਇੰਗਲੈਂਡ ਨੇ ਕੀਨੀਆ ਨੂੰ 2-1 ਦੇ ਮੁਕਾਬਲੇ ਤੇ ਹਰਾਇਆ।






# 23 ਸਾਲਾ ਨੌਜਵਾਨ ਦੀ ਦੁਖਦਾਈ ਮੌਤ

ਸਰੀ — ਸਰੀ ਨਿਵਾਸੀ ਪਲਮਿੰਦਰ ਸਿੰਘ ਉੱਪਲ ਦੀ ਹੇਰੀਸਨ ਲੇਕ ਵਿਚ ਡੁੱਬ ਜਾਣ ਕਾਰਨ ਮੌਤ ਹੋ ਜਾਣ ਦੀ ਖਬਰ ਹੈ। ਸ਼੍ਰੀ ਉੱਪਲ ਗੁਰੂ ਨਾਨਕ ਸੌਕਰ ਟੀਮ ਦੇ ਮੈਂਬਰ ਸਨ ਅਤੇ ਇਹ ਟੀਮ ਹੈਰੀਸਨ ਗਈ ਹੋਈ ਸੀ।

ਸਰੀ ਵਿਚ ਉੱਪਲ ਪਰਵਾਰ ਨੇ ਇਸਦਾ ਦੋਸ਼ ਹੈਰੀਸਨ ਹੌਟ ਸਪਰਿੰਗ ਦੀ ਕਮੇਟੀ ਨੂੰ ਦਿੱਤਾ ਹੈ ਜਿਸ ਨੇ ਕਿ ਇਕ ਵੀ ਵਿਅਕਤੀ ਉਥੇ ਦੇਖਭਾਲ ਲਈ ਨਹੀਂ ਲਾਇਆ। ਪਲਮਿੰਦਰ ਦੇ ਛੋਟੇ ਭਰਾ ਅਮਨਦੀਪ ਉੱਪਲ ਨੇ ਕਿਹਾ ਕਿ ਉਥੇ ਦੀ ਕਮੇਟੀ ਹਜ਼ਾਰਾਂ ਡਾਲਰ ਲੋਕਾਂ ਤੋਂ ਇਕੱਠੇ ਕਰਦੀ ਹੈ ਜੋ ਉਥੇ ਮਨੋਰੰਜਨ ਲਈ ਜਾਂਦੇ ਹਨ ਪਰ ਉਹ ਇਕ ਲਾਈਫ ਗਾਰਡ ਵੀ ਨਹੀਂ ਰੱਖ ਸਕਦੇ। ਉਥੋਂ ਦੇ ਮੇਅਰ ਨੇ ਕਿਹਾ ਕਿ ਜੇ ਸਰਕਾਰ ਮੱਦਦ ਕਰੇ ਤਾਂ ਹੀ ਅਜੇਹਾ ਹੋ ਸਕਦਾ ਹੈ। ਪੁਲਸ ਅਨੁਸਾਰ 1981 ਤੋਂ ਬਾਅਦ ਇਸੇ ਥਾਂ ਇਹ ਤੀਸਰੀ ਮੌਤ ਹੈ।

# ਕੇਸਰ ਸਿੰਘ ਨਾਵਲਿਸਟ ਨੇ ਪੰਜਾਬ ਸਰਕਾਰ ਦਾ ਇਨਾਮ ਵਾਪਸ ਕਰ ਦਿਤਾ

ਵੈਨਕੂਵਰ — ਪੰਜਾਬੀ ਦੇ ਪ੍ਰਸਿਧ ਨਾਵਲਿਸਟ ਕੇਸਰ ਸਿੰਘ ਨੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਦਿੱਤਾ ਗਿਆ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਯਾਦ ਰਹੇ ਕਿ ਇਹ ਇਨਾਮ ਭਾਸ਼ਾ ਵਿਭਾਗ ਪੰਜਾਬ ਵਲੋਂ 1982 ਵਿਚ ਦਿੱਤਾ ਗਿਆ ਸੀ ਪਰ ਕੇਸਰ ਸਿੰਘ ਨਾਵਲਿਸਟ ਨੇ ਅਜੇ ਤੱਕ ਨਾ ਤਾਂ 5100 ਰੁਪਏ ਦੀ ਰਕਮ, ਗੋਲਡ ਮੈਡਲ ਅਤੇ ਸ਼ਾਲ ਲਏ ਸਨ। ਉਨ੍ਹਾਂ ਇਹ ਇਨਾਮ ਲੈਣ ਤੋਂ ਇਨਕਾਰ ਕਰਦਿਆਂ ਡਰੇਕਟਰ

(ਬਾਕੀ ਪੰਨਾ 3 ਤੇ)

## ਮੂਰਛਤ ਮਾਨੁੱਖਤਾ

ਗੁਰਚਰਨ ਰਾਮਪੁਰੀ

ਕੱਲ੍ਹ ਜੋ ਨਿਰਦੋਸ਼ ਮੋਏ
ਮੈਂ ਉਨ੍ਹਾਂ ਖਾਤਰ ਸੀ ਰੋਇਆ,
ਕੱਲ੍ਹ ਵੀ ਮਾਨੁੱਖ ਮੋਇਆ,
ਅੱਜ ਵੀ ਮਾਨੁੱਖ ਮੋਇਆ।

ਕੁੱਝ ਮੌਤਾਂ ਦੀ ਖਬਰ ਤੇ,
ਕਈ ਚੇਹਰੇ ਹੱਸਦੇ ਸਨ,
ਕਈ ਚੇਹਰੇ ਹੱਸਦੇ ਹਨ।

ਬੇਗੁਨਾਹ ਜਿਊੜੇ ਦੇ ਕਾਤਿਲ ਦੀ ਮਨੁਖਤਾ
ਮੂਰਛਤ ਹੁੰਦੀ ਹੈ ਪਹਿਲਾਂ
ਫੇਰ ਖੰਜਰ ਚੱਲਦੀ ਹੈ।

ਮੈਂ ਮੋਏ ਮਾਨੁੱਖ ਲਈ ਵੀ ਰੋ ਰਿਹਾ ਹਾਂ
ਮੂਰਛਤ ਮਾਨੁੱਖਤਾ ਖਾਤਰ ਵੀ ਰੋਵਾਂ।

## 15 ਅਗਸਤ ਨੂੰ 'ਕੈਨੇਡਾ ਦਰਪਣ' ਦਾ ਵਿਸ਼ੇਸ਼ 'ਘੱਲੂਘਾਰਾ ਅੰਕ'


## ਜਗਦੀਸ਼ ਸਿੰਘ ਨੋਟਰੀ ਪਬਲਿਕ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

## ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

7-4857 Kingsway (Opp. Sears)
Burnaby, B.C. V5H 2C8

ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ
(ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)

PHONE–
–Off. 433-8366
Res. 324-4160



## Nash N.S. Gill

**Barrister & Solicitor**
**Notary Public**

Personal injury & I.C.B.C claims, Divorces, Immigration, Estates & Criminal

ਕਾਰ ਐਕਸੀਡੈਂਟ ਵਿੱਚ ਸੱਟ ਲੱਗ ਜਾਣ ਨਾਲ ਇਨਸ਼ੋਰੈਂਸ ਦੇ ਕੇਸ ਤੇ ਡਾਈਵੋਰਸ-ਇਮੀਗਰੇਸ਼ਨ ਅਤੇ ਅਸਟੇਟ ਦੇ ਕੇਸ ਆਦਿ ਹੈਂਡਲ ਕੀਤੇ ਜਾਂਦੇ ਹਨ ਮਿਲੋ ਜਾਂ ਫੂਨ ਕਰੋ

**Bus. 853-9322**
**Res. 826-8207**

New Office located at :
**33232 South Fraser Way**
**Abbotsford, B.C.**

## ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

# ਨਾਜ਼ੀਆ ਅਤੇ ਜ਼ੁਹੇਬ ਹਸਨ

## ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ



*Sensational Star*
**RAJ BABBAR**



*Ravishing*
**ANITA RAJ**



**SMITA PATIL**

ਸੁਪਰ ਸਟਾਰ
**ਰਾਜ ਬੱਬਰ**

ਚੋਟੀ ਦੀ ਕਲਾਕਾਰ
**ਸਮੀਤਾ ਪਾਟਿਲ**

ਪੌਪ ਕੁਈਨ
**ਨਾਜ਼ੀਆ ਹਸਨ**

ਪੌਪ ਕਿੰਗ
**ਜ਼ੁਹੇਬ ਹਸਨ**

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

**ਊਸ਼ਾ ਖੰਨਾ ਤੇ ਆਰਕੈਸਟਰਾ**

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ

## ਸ਼ੋਅ 30 ਸਤੰਬਰ, 1984 ਨੂੰ ਵੈਨਕੂਵਰ ਪੀ. ਐਨ. ਈ. ਕੌਲਸੀਅਮ ਵਿਚ ਹੋਵੇਗਾ



*Magnificent Pop Singers*
**NAZIA & ZOHEB HASSAN**



*'Dulhan' Girl*
**RAMESHWARI**

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿਨੀਪੈਗ ਵਿਚ — 7 ਅਕਤੂਬਰ, 1984

# Show Available For Fiji

Contact :
**Gemline Enterprises**
**Ph. 525-9019**

Worldwide Promoter:
**RAPHAEL ANTHONY**
C/o India Impact
P.O.BOX 6161
GLENDALE, Ca. 91205
**Tel:(213)466-7126**

Watch for tickets Sales
**Gemline Enterprises**
441, Columbia St.
New Westminster, B.C.

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

# ਲੌਇਲ ਫਰਨੀਚਰ ਲਿ:

### ਵਧੀਆ ਫਰਨੀਚਰ ਦਾ ਭੰਡਾਰ
### 'ਤੇ

# ਸੁਪਰ ਸਪੈਸ਼ਲ ਸੇਲ!









## ਵਧੀਆ ਫਰਨੀਚਰ ਦੀ ਚੋਣ 'ਚੋਂ ਖ਼੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ਼੍ਰੀਦਣ ਦਾ ਸੁਨਹਿਰੀ ਮੌਕਾ

## ਵਿਸ਼ੇਸ਼ ਸੂਚਨਾ

ਲੌਇਲ ਫਰਨੀਚਰ ਤੇ ਸੇਲ ਹਰ ਰੋਜ਼ ਨਹੀਂ ਲਗਦੀ ਪਰ ਇਨ੍ਹਾਂ ਦੀਆਂ ਰੈਗੂਲਰ ਕੀਮਤਾਂ ਵੀ ਲੋਕਾਂ ਦੀਆਂ ਰੰਗ ਬਰੰਗੀਆਂ ਸੇਲਾਂ ਨਾਲੋਂ ਘੱਟ ਹੁੰਦੀਆਂ ਹਨ। ਹਰ ਰੋਜ਼ ਵੰਨ ਸੁਵੰਨੇ ਨਾਵਾਂ ਥੱਲੇ ਲਗਦੀਆਂ ਸੇਲਾਂ ਦੀਆਂ ਕੀਮਤਾਂ ਸਾਡੀਆਂ ਰੈਗੂਲਰ ਕੀਮਤਾਂ ਦਾ ਵੀ ਮੁਕਾਬਲਾ ਨਹੀਂ ਕਰ ਸਕਦੀਆਂ। ਇਕ ਵਾਰ ਅਜ਼ਮਾਉਣ ਲਈ ਲੌਇਲ ਫਰਨੀਚਰ ਤੇ ਆਓ ਤੇ 'ਅਸਲ' ਅਤੇ 'ਨਕਲ' ਦਾ ਫੈਸਲਾ ਖੁਦ ਕਰੋ!

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

# — ਲੌਇਲ ਫਰਨੀਚਰ

**Loyal - The Most Trusted Name in Furniture Business.**

LF

# LOYAL FURNITURE LTD

**Ph.: 879-8319** 2707 Main Street,(at 11th Ave.) Vancouver, B.C. **Ph.: 879-4813**

# WHEATON
# PONTIAC BUICK GMC
LTD.

## SUPER BUYS


Kuldip Jhand

FINANCING AVAILABLE






ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ-ਪੇਮੈਂਟ ਦੇਕੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼ੀਦਦੇ ਹਾਂ — ਇੱਕ ਵਾਰ ਦਰਸ਼ਨ ਜਰੂਰ ਦਿਓ।

## NEW ACADIANS TO CHOOSE FROM

OPEN SUNDAY 10:30 TO 4:30

### EXAMPLE

1984 ACADIAN - Reclining Bucket Seats, Radial Tires, 1.6 Liter 4 Cyl.Engine, Floor Shift,Rack & Pinion Steering, Front Stabilizer Bar,Roof Drip Moulding styled wheels, High Energy Ignition System,Red with Grey Interior



### 2ND EXAMPLE

1984 ACADIAN AUTOMATIC Reclining Cloth Bucket Seats, Electric Rear Window Defroster, Radial Tires Heavy Duty Battery, AM Raio, Console Rocker Mouldings, Roof Drip Mouldings & Body Side Mouldings, Styled Wheels & MUCH MUCH MUCH MORE--

## ਕੁਲਦੀਪ ਸਿੰਘ ਝੰਡ
ਨੂੰ ਫੂਨ ਕਰੋ ਜਾਂ ਮਿਲੋ

## Bus. 526-2781
Res. 524-4137
Pager 687-7711 #7610
325-12th. St., New Westminster, B.C.

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿੱਕ-ਅੱਪ ਅਦਿ ਹਨ- ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿੱਕ-ਅੱਪ ਖ਼ੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰੀਂ ਕੁਲਦੀਪ ਝੰਡ ਨੂੰ ਜਰੂਰ ਮਿਲੋ ਜਾਂ ਘੱਟੋ ਘੱਟ ਫੋਨ ਜਰੂਰ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

ਤੁਸੀਂ ਆਪਣੀ ਮਰਜ਼ੀ ਦੀ ਔਪਸ਼ਨਜ਼ ਵੀ ਕਾਰ ਵਿੱਚ ਕਰਵਾਉਣੀ ਹੋਵੇ ਤਾਂ ਅਸੀਂ ਉਹ ਵੀ ਕਰਦੇ ਹਾਂ।



'ਕਾਰ ਸੇਵਾ'ਤੋਂ ਪਹਿਲਾਂ ਚਰਨ ਸੇਵਾ..

ਨਿਹੰਗ ਬਾਬਾ ਸੰਤਾ ਸਿੰਘ ......



ਸੰਕਟ ਦੀ ਘੜੀ : ਸ਼੍ਰੋਮਣੀ ਕਮੇਟੀ ਦੇ ਸਕੱਤਰ ਸ: ਭਾਨ ਸਿੰਘ, ਮੀਤ ਸਕੱਤਰ ਸ. ਅਬਿਨਾਸ਼ੀ ਸਿੰਘ ਅਤੇ ਅਕਾਲੀ ਦਲ ਦੀ ਐਡਹਾਕ ਕਮੇਟੀ ਦੇ ਕਨਵੀਨਰ ਪ੍ਰਕਾਸ਼ ਸਿੰਘ ਮਜੀਠਾ ਸੋਚ ਵਿਚਾਰ ਵਿਚ ਡੁੱਬੇ ਹੋਏ।

## ਬਾਬਾ ਖੜਕ ਸਿੰਘ 'ਕਾਰ ਸੇਵਾ' ਲਈ ਰਜ਼ਾਮੰਦ ?

ਅੰਮ੍ਰਿਤਸਰ — ਬੀ. ਬੀ. ਸੀ. ਦੀ ਖਬਰ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬਾਬਾ ਖੜਕ ਸਿੰਘ ਨੂੰ ਬੇਨਤੀ ਕੀਤੀ ਹੈ ਕਿ ਉਹ 'ਕਾਰ ਸੇਵਾ' ਦਾ ਕੰਮ ਸੰਭਾਲਣ। ਇਹ ਵੀ ਦੱਸਿਆ ਗਿਆ ਹੈ ਕਿ ਬੁਢਾ ਦਲ ਦੇ ਬਾਬਾ ਸੰਤਾ ਸਿੰਘ ਬਾਬਾ ਖੜਕ ਸਿੰਘ ਨੂੰ ਕਾਰ ਸੇਵਾ ਸੰਭਾਲਣ ਲਈ ਤਿਆਰ ਹਨ। ਪਹਿਲਾਂ ਸਰਕਾਰ ਨੇ ਵੀ ਬਾਬਾ ਖੜਕ ਸਿੰਘ ਨੂੰ ਬੇਨਤੀ ਕੀਤੀ ਸੀ ਪਰ ਇਹ ਬੇਨਤੀ ਠੁਕਰਾ ਦਿਤੀ ਗਈ ਸੀ ਕਿ ਜਦ ਤੱਕ ਸ਼੍ਰੋਮਣੀ ਕਮੇਟੀ ਨਹੀਂ ਕਹਿੰਦੀ ਉਹ ਕਾਰ ਸੇਵਾ ਨਹੀਂ ਕਰਨਗੇ।


# JIM PATTISON

ON MAIN

SERVICE AFTER SALE

Bus. 879-4233

Res. 435-1834

1985 ਦੀਆਂ ਨਵੀਆਂ ਕੈਡਲਿਕ ਖ੍ਰੀਦੋ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜ਼ਿਮੀ ਲੈਣ ਲਈ ਤੁਹਾਡੇ ਜਾਣੇ ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫ਼ੋਨ ਕਰੋ



Parlad Gill

| Stock No. | Price | Year | Car |
|---|---|---|---|
| #9684 | $8500 | 84 | SUNBIRD |
| 9635 | $22500 | 84 | PARK AVE |
| 9684 | $14500 | 84 | Z 28 |
| 9678A | $7250 | 79 | OLDS. 98 REGENCY |



3434 MAIN ST.

VANCOUVER, B.C.

# Sunset Printing & Graphics Ltd.

4277 Fraset St. (26th & Fraser)
Vancouver, B.C. V5V 4G1
Phone (604)874-2023

**COPIES**
$1\frac{1}{3}$¢
AS LOW AS
with 5 M. Order

## This is not a Sale Its a Steal

Save upto **50%** with this flyer

Guaranteed Quality
Workmanship with low Prices
Take advantage of this Exclusive offer
Reliable and fast service

Business Cards $30.00(1000)
Letterheads $38.00 (1000)
Envelopes No. 10 $42.00 (1000)

Black Print on White Stock Art Work EXTRA (Type Setting Included)

25% 25% 25% 25%

**25%** Discount on Business Forms

* NCR Work Order
* NCR Business Forms
* Wedding Invitations
* Magazines
* Newsletters

## OFFER TILL Aug. 31, 1984

**We also do**

Cheques, Menus, Numbering, Magazines, Flyers, Wedding Invitations, Crash Imprints, NCR Forms, Carbon set Forms Tickets.

FLYERS : 8½x11
included type setting Black on White

| | Reg. Price | Sale Price |
|---|---|---|
| 5000 | 135.00 | 95.00 |
| 10.000 | 270.00 | 179.00 |
| 15,000 | 405.00 | 262.50 |
| 20.000 | 540.00 | 350.00 |

...Art Work Extra

**MENUS :**
5000 and up - $18.00
Camera Ready Copy
Type Setting Extra

Federal Tax Plus SS Tax Extra

**TERMS CASH ONLY**

Discount Coupon

**Special on Photo Copies**
3½¢ per Copy and up
**Sunset Printing & Graphics Ltd.**
4277 Fraser St. (26th and Fraser)
Vancouver, B.C.
Ph. (604)874-2023

**This year's Film fare 's Best Actress Award Winner**

# PADMINI KOHLAPURI

## IN SPECIAL APPEARANCE FOR I.S.P.



**Now you too can have all the eight exclusive I.S.P. creations that Padmini selected !!!**

ਖੁਸ਼ਖਬਰੀ! ਖੁਸ਼ਖਬਰੀ। ਖੁਸ਼ਖਬਰੀ!
ਲਓ ਜੀ! ਹੁਣ ਇੰਡੀਆ ਸਾੜ੍ਹੀ ਪੈਲਿਸ ਤੇ ਸਲਵਾਰ ਕਮੀਜ਼ ਅਤੇ ਦੁੱਪਟੇ ਦੀਆਂ ਨਵੀਆਂ ਕੁਆਲਿਟੀ ਦੀਆਂ ਸ਼ਿਪਮੈਂਟਾਂ ਹਰ ਹਫਤੇ ਪਹੁੰਚ ਰਹੀਆਂ ਹਨ ।

Sucker
Stripes Palace [2] Satin Stripe Crepe [3] Crepe — De Chine Synthetic [4] Bamboo Stripes and Yuryu Georgette and many many more

ਸਾਡੇ ਕੋਲ ਇੰਡੀਆ ਤੋਂ ਹੁਣੇ ਹੀ ਬਹੁਤ ਭਾਰੀ ਸਿਲਕ ਦੀਆਂ ਸਾੜ੍ਹੀਆਂ ਵਿੱਚ ਸ਼ਿਪਮੈਂਟ ਆਈ ਹੈ

ਸਾਡੀਆਂ ਕੁਝ ਇਕ ਸੇਲ ਕੀਮਤਾਂ

~~$.45.00~~ ਹੁਣ $.20.00 ਚੁੱਨੀਂ ਸਮੇਤ
~~$.32.00~~ ਹੁਣ $.12.00
~~$.35.00~~ ਹੁਣ $.15.00
~~$.48.00~~ ਹੁਣ $.25.00 ਚੁੱਨੀਂ ਸੁਮੇਤ

**WORLD WIDE IMPORTERS—EXPORTERS—WHOLESALERS & RETAILERS**
Associate of India Emporium Group of Companies—Hongkong, Japan, Singapure, Kuwait, Tranidad, U.K. & U.S.A.

ਆਓ ਅਤੇ ਟਾਪ ਕੁਆਲਿਟੀ ਦੇ Exclusive Design
ਦੇਖੋ ਜਿਹੜੇ ਕਿ ਸਿਰਫ ਇੰਡੀਆ ਸਾੜ੍ਹੀ ਪੈਲਿਸ ਤੋਂ ਹੀ ਮਿਲਣਗੇ

## Biggest Sari Store Chain in the world, Outside India.

**ISP**
india sari palace

Phone 324-5991

5037 Victoria Drive, Vancouver, B.C.
PH: [604] 324-2565

ਸਟੋਰ ਹਰ ਰੋਜ਼ 10 ਵਜੇ ਤੋਂ 7 ਵਜੇ ਤਕ
ਫਰਾਈਡੇ 10 ਤੋਂ 9 ਵਜੇ ਤਕ